# ਪੋਕਸੋ ਕਾਨੂੰਨ ਅਤੇ ਨੌਜਵਾਨਾਂ ਲਈ ਗਰਭ ਸਮਾਪਨ ਸੇਵਾਵਾਂ ਸੇਵਾ ਪ੍ਰਦਾਤਾ ਲਈ ਦਿਸ਼ਾ ਨਿਰਦੇਸ਼

CommonHealth

ਪੋਕਸੋ ਐਕਟ ਅਤੇ ਐਮ ਟੀ ਪੀ ਐਕਟ ਸਬੰਧੀ ਜਾਣਕਾਰੀ ਦੀ ਘਾਟ ,ਭੰਬਲਭੂਸਾ ਅਤੇ ਕਿਸ਼ੋਰ ਦੇ ਅਧਿਕਾਰ ਅਤੇ ਸੇਵਾ ਪ੍ਰਦਾਤਾ ਦੀ ਜ਼ਿੰਮੇਵਾਰੀ ਦੀ ਦੁਚਿੱਤੀ ,ਕਿਸ਼ੋਰਾਂ ਲਈ ਗਰਭ ਸਮਾਪਨ ਸੇਵਾਵਾਂ ਦੀ ਉਪਲਭਤਾ ਤੇ ਕਾਫੀ ਅਸਰ ਪਾਉਂਦੀ ਹੈ।ਕਾਮਨਹੈਲਥ ਨੇ ਬਿਹਾਰ ਅਤੇ ਤਾਮਿਲਨਾਡੂ ਵਿਚ ਇਕ ਅਧਿਐਨ ਕੀਤਾ, ਇਹ ਜਾਨਣ ਲਈ ਕਿ ਸੁਰੱਖਿਅਤ ਗਰਭ ਸਮਾਪਨ ਸੇਵਾਵਾਂ ਦੀ ਉਪਲਬਧਾ ਨੂੰ ਕਿਹੜੇ ਤੱਥ ਪ੍ਰਭਾਵਿਤ ਕਰਦੇ ਹਨ।18 ਤੋਂ 19 ਸਾਲ ਦੀਆਂ ਕਿਸ਼ਰੀਆਂ ਅਤੇ ਸੇਵਾ ਪ੍ਰਦਾਤਾ ਇਹ ਮੰਨਦੇ ਹਨ ਕਿ ਪੌਕਸੋ ਐਕਟ ਅਧੀਨ ਸਰਕਾਰੀ ਕੇਂਦਰ ਵਿੱਚ ਗਰਭ ਸਮਾਪਣ ਲਈ ਆਈ ਕਿਸ਼ੋਰ ਦੀ ਜਾਣਕਾਰੀ ਦੇਣਾ ਇੱਕ ਕਾਨੂੰਨੀ ਜ਼ਰੂਰਤ ਹੈ ਅਤੇ ਇਸ ਕਰਕੇ ਕਿਸ਼ੋਰਆਂ ਲਈ ਗਰਭਸਮਾਪਨ ਸੇਵਾਵਾਂ ਦੀ ਉਪਲਭਤਾ ਪ੍ਰਭਾਵਿਤ ਹੁੰਦੀ ਹੈ।ਸੇਵਾ ਪ੍ਰਦਾਤਾ ਨੂੰ ਇਹਨਾਂ ਕਾਨੂੰਨਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ ਅਤੇ ਇਸ ਦੀ ਅਣਹੋਂਦ ਵਿਚ ਉਹ ਕਈ ਵਾਰ ਸੇਵਾਵਾਂ ਦੇਣ ਤੋਂ ਇਨਕਾਰ ਵੀ ਕਰ ਦਿੰਦੇ ਹਨ।

## ਪੋਕਸੋ ਐਕਟ

ਇਹ ਕਾਨੂੰਨ 22 ਮਈ 2012 ਨੂੰ ਲਾਗੂ ਕੀਤਾ ਗਿਆ। ਇਸ ਦਾ ਮਕਸਦ ਬੱਚਿਆਂ ਨੂੰ ਯੌਨ ਉਤਪੀੜਨ ਤੋਂ ਬਚਾਉਣਾ ਸੀ ।ਇਸ ਕਾਨੂੰਨ ਤਹਿਤ 18 ਸਾਲ ਤੋਂ ਘੱਟ ਉਮਰ ਦਾ ਹਰ ਵਿਅਕਤੀ ਬੱਚਾ ਹੈ। ਇਸ ਕਾਨੂੰਨ ਅਧੀਨ ਕਈ ਤਰਾਂ ਦੇ ਯੌਨ ਉਤਪੀੜਨ, ਜ਼ੋਰ ਜ਼ਬਰਦਸਤੀ, ਅਸ਼ਲੀਲ ਤਸਵੀਰਾਂ ਲਈ ਕੰਮ ਦੀ ਵਿਆਖਿਆ ਕੀਤੀ ਗਈ ਹੈ।ਇਸਦੇ ਕਈ ਪ੍ਰਾਵਧਾਨ ਅਜਿਹੇ ਜੁਰਮ ਨੂੰ ਸਹਾਇਤਾ ਕਰਨ ਵਾਲੇ ਅਤੇ ਅਜਿਹੇ ਵਿਅਕਤੀਆਂ ਲਈ ਸਜ਼ਾ ਬਾਰੇ ਦੱਸਦਾ ਹੈ ।ਕਾਨੂੰਨ ਦੇ ਤਹਿਤ ਬੱਚਿਆਂ ਦਾ ਯੌਨ ਉਤਪੀੜਨ ਕਰਨ ਵਾਲੇ ਤੇ ਉਸ ਦੀ ਸਹਾਇਤਾ ਕਰਨ ਵਾਲੇ ਲਈ ਸਜ਼ਾ ਦਾ ਪ੍ਰਾਵਧਾਨ ਹੈ। ਜਿਸ ਨੂੰ ਇਸ ਗਲ ਦੀ ਜਾਣਕਾਰੀ ਹੋਵੇ ਉਸ ਲਈ ਇਸ ਦੀ ਰਿਪੋਰਟ ਕਰਨਾ ਲਾਜ਼ਮੀ ਹੈ।

**2020 ਵਿੱਚ ਐਕਟ ਵਿੱਚ ਸੋਧ ਕੀਤੀ ਗਈ | ਵਰਨਣ ਯੋਗ ਹੈ ਕਿ ਜੇ 15 ਤੋਂ 18 ਸਾਲ ਦਾ ਬੱਚਾ ਪੋਕਸੋ ਐਕਟ ਅਧੀਨ ਕੋਈ ਗੁਨਾਹ ਕਰਦਾ ਹੈ ਤਾਂ ਉਹ ਬਾਲਗ ਮੰਨਿਆਂ ਜਾਏਗਾ ਤੇ ਸਜ਼ਾ ਉਸੇ ਅਨੁਸਾਰ ਮਿਲੇਗੀ**

## ਸੇਵਾ ਪ੍ਰਦਾਤਾ ਦੀ ਜ਼ਿੰਮੇਵਾਰੀ

ਇਸ ਐਕਟ ਦੇ ਸੈਕਸ਼ਨ 19(1) ਅਨੁਸਾਰ ਜਿਸ ਵਿਅਕਤੀ ਨੂੰ ਅਜਿਹੇ ਉਤਪੀੜਨ ਦੀ ਜਾਣਕਾਰੀ ਮਿਲਦੀ ਹੈ, ਇਸ ਬਾਰੇ ਉੱਚ ਅਧਿਕਾਰੀ, ਪੁਲਿਸ ਜਾਂ ਸੁਰੱਖਿਆ ਕਮੇਟੀ ਨੂੰ ਜਾਣਕਾਰੀ ਦੇਣਾ ਉਸ ਦੀ ਜ਼ਿੰਮੇਵਾਰੀ

CommonHealth, constituted in 2006, is a multi-state coalition of organizations and individuals advocating for better sexual and reproductive health, with a specific focus on maternal health and safe abortion.

ਹੈ| ਇਸ ਐਕਟ ਦੇ ਪ੍ਰਾਵਧਾਨ ਬਾਕੀ ਕਾਨੂਨਾਂ ਤੇ ਭਾਰੀ ਪੈਣਗੇ। ਇਹ ਕਾਨੂੰਨ ਸਾਫ ਕਰਦਾ ਹੈ ਜੇ ਅਜਿਹੀ ਜਾਣਕਾਰੀ ਸੇਵਾ ਪ੍ਰਦਾਤਾ ਨੂੰ ਉਸ ਦੀਆਂ ਪੇਸ਼ੇਵਰ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਪ੍ਰਾਪਤ ਹੋਈ ਹੋਵੇ ਤਾਂ ਵੀ ਜਾਣਕਾਰੀ ਦੇਣਾ ਲਾਜ਼ਮੀ ਹੈ ।ਇਸ ਕਾਨੂੰਨ ਮੁਤਾਬਕ 18 ਸਾਲ ਤੋਂ ਘੱਟ ਉਮਰ ਦੀ ਲੜਕੀ ਸੰਭੋਗ ਲਈ ਆਪਣੀ ਸਹਿਮਤੀ ਨਹੀਂ ਦੇ ਸਕਦੀ। 18 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ ਸੰਭੋਗ ਕਰਨਾ ਇੱਕ ਜੁਰਮ ਹੈ ਅਤੇ ਅਜਿਹੀ ਲੜਕੀ ਯੌਨ ਉਤਪੀੜਨ ਦੀ ਸ਼ਿਕਾਰ ਹੀ ਮੰਨੀ ਜਾਵੇਗੀ। ਸੋ ਕੋਈ ਵੀ ਨਾਬਾਲਿਗ ਲੜਕੀ ਜੇ ਗਰਭਸਮਾਪਨ, ਗਰਭ ਰੋਕੂ ਸਾਧਨ ਜਾਂ ਜਿਨਸੀ ਰੋਗ ਦਾ ਇਲਾਜ ਕਰਵਾਉਣ ਆਉਂਦੀ ਹੈ ਤਾਂ ਉਸਨੂੰ ਯੌਨ ਉਤਪੀੜਨ ਦੀ ਸ਼ਿਕਾਰ ਮੰਨਿਆ ਜਾਵੇਗਾ ।ਸੇਵਾ ਪ੍ਰਦਾਤਾ ਨੂੰ ਉਸਦੀ ਜਾਣਕਾਰੀ ਦੇਣੀ ਪਵੇਗੀ, ਚਾਹੇ ਉਹ ਲੜਕੀ ਸ਼ਾਦੀਸ਼ੁਦਾ ਹੈ ਜਾਂ ਇਸ ਵਿਚ ਉਸ ਦੀ ਮਰਜ਼ੀ ਸ਼ਾਮਲ ਹੈ । ਜੇ ਸੇਵਾ ਪ੍ਰਦਾਤਾ ਇਸਦੀ ਜਾਣਕਾਰੀ ਨਹੀਂ ਦਿੰਦਾ ਤਾਂ ਉਸਨੂੰ ਜੁਰਮਾਨਾ ਜਾਂ 6 ਮਹੀਨੇ ਦੀ ਸਜ਼ਾ ਜਾਂ ਦੋਵੇਂ ਹੋ ਸਕਦੇ ਹਨ।

## ਸੇਵਾਵਾਂ ਤੇ ਇਸ ਦੇ ਪ੍ਰਭਾਵ

ਇਸ ਕਾਨੂੰਨ ਦੀ ਸਖਤੀ ਸਿਹਤ ਸੇਵਾਵਾਂ ਦੀ ਉਪਲਬਧਾ ਨੂੰ ਪ੍ਰਭਾਵਿਤ ਕਰਦੀ ਹੈ। NFHS 4 ਦੇ ਸਰਵੇ ਅਨੁਸਾਰ 15 ਤੋਂ 19 ਸਾਲ ਦੀਆਂ ਲੜਕੀਆਂ ਵਿਚੋਂ 8 ਤੋਂ ਜ਼ਿਆਦਾ ਗਰਭਵਤੀ ਜਾਂ ਮਾਂ ਬਣ ਚੁੱਕੀਆਂ ਪਾਈਆਂ ਗਈਆਂ ਸਨ ।ਇਹ ਅਨਭੋਲ ਮਾਵਾਂ ਪਹਿਲਾਂ ਹੀ ਕਮਜ਼ੋਰ ਹਨ ਅਤੇ ਸੇਵਾਵਾਂ ਦੀ ਅਣਹੋਂਦ ਇਨ੍ਹਾਂ ਨੂੰ ਹੋਰ ਕਮਜ਼ੋਰ ਬਣਾਉਂਦੀ ਹੈ। ਗਰਬ ਸਮਾਪਨ ਐਕਟ ਵਿੱਚ ਨਿਜਤਾ ਦਾ ਪ੍ਰਵਧਾਨ ਹੈ ਪਰ ਪੌਕਸੋ ਐਕਟ ਕਰਕੇ ਸੇਵਾ ਪ੍ਰਦਾਤਾ ਨੂੰ ਕਿਸ਼ੋਰੀਆ ਦੀ ਜਾਣਕਾਰੀ ਦੇਣਾ ਲਾਜ਼ਮੀ ਕੀਤਾ ਗਿਆ ਹੈ,ਚਾਹੇ ਉਹ ਗਰਭਸਮਾਪਨ ਲਈ ਆਈਆਂ ਹੋਣ ਜਾਂ ਗਰਭਰੋਕੂ ਸਾਧਨ ਲਈ। ਇਸ ਐਕਟ ਦੇ ਕਾਨੂੰਨੀ ਦਾਅ ਪੇਚਾਂ ਬਾਰੇ ਜਾਣਕਾਰੀ ਦੀ ਅਣਹੋਂਦ ਰਾਸ਼ਟਰੀ ਕਿਸ਼ੋਰ ਸਿਹਤ ਪ੍ਰੋਗਰਾਮ ਵਿੱਚ ਕਿਸ਼ੋਰੀਆ ਨੂੰ ਯੌਨ ਪ੍ਰਜਨਨ ਸਿਹਤ ਸੇਵਾਵਾਂ ਦੀ ਉਪਲਭਤਾ ਵਿਚ ਮੁਸ਼ਕਿਲ ਪੈਦਾ ਕਰਦਾ ਹੈ।

## ਸੇਵਾ ਪ੍ਰਦਾਤਾ ਦੀ ਕਾਨੂੰਨੀ ਜਿੰਮੇਵਾਰੀ

ਇਸ ਕਾਨੂੰਨ ਮੁਤਾਬਕ ਸੇਵਾ ਪ੍ਰਦਾਤਾ ਨੇ ਪੁਲਿਸ ਕੋਲ ਕੋਈ ਰਿਪੋਰਟ ਨਹੀਂ ਲਿਖਵਾਉਣੀ। ਉਹ ਸੇਵਾ ਦੇਣ ਤੋਂ ਬਾਅਦ ਵੀ ਅਧਿਕਾਰੀਆਂ ਨੂੰ ਇਸਦੀ ਜਾਣਕਾਰੀ ਦੇ ਸਕਦਾ ਹੈ।


**SAHAJ on behalf of CommonHealth**

SAHAJ, 1 Shri Hari Apartments, 13 Anandnagar Society,
Behind Express Hotel, Alkapuri, Vadodara, Gujarat, India 390007
Tel: 91-265-2342539 • Email: sahaj_sm2006@yahoo.co.in
Website: www.sahaj.org.in

Contact: Swati Shinde [Coordinator CommonHealth] • Email : cmnhsa@gmail.com
CommonHealth website: http://www.commonhealth.in